# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ/ਸੈ.ਸਿੱ) ਬਠਿੰਡਾ

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤੀਸਰੀ ਮੰਜਿਲ, ਕਮਰਾ ਨੰ: 458

**email id : misbathinda@punjabeducation.gov.in**


ਵੱਲ:

<u>ਅਤਿ ਜ਼ਰੂਰੀ/ਮਿਤੀ ਬੱਧ</u>

ਸਮੂਹ ਸਕੂਲ ਮੁੱਖੀ (ਸਰਕਾਰੀ,ਪ੍ਰਾਈਵੇਟ,ਏਡਿਡ,ਆਦਰਸ਼,ਮੈਰੀਟੋਰੀਅਸ ਆਦਿ),
ਸਮੂਹ ਬੀ.ਪੀ.ਈ.ਓਜ਼,
ਸਮੂਹ ਬਲਾਕ ਨੋਡਲ ਅਫਸਰ,
ਜ਼ਿਲ੍ਹਾ ਬਠਿੰਡਾ।

ਪੱਤਰ ਨੰ:-ਐਮ.ਆਈ.ਐਸ./2026/ 202621 3608 ਮਿਤੀ:- 06-08-2026

ਵਿਸ਼ਾ:- **ਯੂਡਾਈਸ ਸਰਵੇ 2026-27 ਸਬੰਧੀ।**

ਹਵਾਲਾ:- **ਮਾਣਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ ਪੰਜਾਬ, ਐਸ.ਏ.ਐਸ.ਨਗਰ ਜੀ ਦੇ ਮੀਮੋ ਨੰ:ਸਸਅ/ਯੂਡਾਈਸ/ਐਮ.ਆਈ.ਐਸ./2026/196271 ਮਿਤੀ:- 20/07/2026 ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋਂ ਯੂਡਾਈਸ ਸਰਵੇ 2026-27 ਲਈ ਪੋਰਟਲ ਖੋਲ ਦਿੱਤਾ ਗਿਆ ਹੈ। ਯੂਡਾਈਸ+ ਪੋਰਟਲ ਤੇ ਅਪਡੇਟ ਅੰਕੜਿਆ ਨੂੰ ਭਾਰਤ ਸਰਕਾਰ ਅਤੇ ਸੂਬਾ ਸਰਕਾਰ ਵੱਲੋਂ ਵੱਖ-ਵੱਖ ਕਾਰਜ਼ਾ ਲਈ ਵਰਤੋਂ ਵਿੱਚ ਲਿਆਇਆ ਜਾਂਦਾ ਹੈ। ਸੋ ਪੋਰਟਲ ਤੇ ਸਕੂਲ ਰਿਕਾਰਡ ਅਨੁਸਾਰ ਸਹੀ ਅੰਕੜੇ ਅਪਡੇਟ ਕਰਨ ਲਈ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆ ਹਨ:

1. ਯੂਡਾਈਸ+ https://udiseplus.gov.in/ ਪੋਰਟਲ ਤੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਵੱਲੋਂ ਸਕੂਲਾਂ ਦੇ ਬੁਨਿਆਦੀ ਢਾਂਚੇ, ਵਿਦਿਆਰਥੀ, ਸਟਾਫ, ਨਤੀਜੇ ਸਬੰਧੀ ਅੰਕੜੇ ਭਰੇ ਜਾਣ।
2. ਪੋਰਟਲ ਤੇ **ਨਰਸਰੀ, LKG, UKG ਅਤੇ ਪਹਿਲੀ** ਜਮਾਤ ਵਿੱਚ ਬੱਚਿਆਂ ਦੇ ਅੰਕੜੇ ਦਰਜ਼ ਕਰਨ ਲਈ ਸਕੂਲ ਪੱਧਰ ਤੇ ਲਿੰਕ ਮੁਹੱਈਆ ਕਰਵਾ ਦਿੱਤਾ ਗਿਆ ਹੈ।ਇਹਨਾਂ ਜਮਾਤਾਂ ਵਿੱਚ ਨਵੇਂ ਦਾਖਲੇ ਵਾਲੇ ਵਿਦਿਆਰਥੀਆਂ ਦੇ ਅੰਕੜੇ ਦਰਜ਼ ਕੀਤੇ ਜਾਣ।ਬਾਕੀ ਜਮਾਤਾਂ ਵਿੱਚ **Import** ਰਾਹੀ ਬੱਚੇ ਦਰਜ਼ ਕੀਤੇ ਜਾਣ।ਜੇਕਰ ਕਿਸੇ ਵਿਦਿਆਰਥੀ ਦੇ ਪੋਰਟਲ ਤੇ ਦਰਜ਼ ਵੇਰਵਿਆ ਵਿੱਚ ਸੋਧ ਕਰਵਾਉਣੀ ਹੈ ਤਾਂ Form- S03 ਭਰ ਕੇ ਹਸਤਾਖਰ ਸਮੇਤ ਮੋਹਰ ਕਰਕੇ ਦਫ਼ਤਰ ਦੀ ਐਮ.ਆਈ.ਐਸ ਸ਼ਾਖਾ ਕਮਰਾ ਨੰਬਰ 458 ਵਿੱਚ ਜਮਾਂ ਕਰਵਾਇਆ ਜਾਵੇ।

3. ਪੋਰਟਲ ਤੇ ਵਿਦਿਆਰਥੀ ਮਡਿਊਲ ਵਿੱਚ **Inter State & Within State Student Release Request** ਪ੍ਰੋਸੈਸ ਕੀਤੀਆਂ ਜਾਣ ਤਾਂ ਜੋ ਵਿਦਿਆਰਥੀ ਦੀ ਐਂਟਰੀ, ਜਿਸ ਸਕੂਲ ਵਿੱਚ ਉਹ ਇਸ ਸਮੇਂ ਪੜ੍ਹ ਰਿਹਾ ਹੈ, ਵਿੱਚ ਦਰਜ਼ ਕੀਤੀ ਜਾ ਸਕੇ।
4. ਭਾਰਤ ਸਰਕਾਰ ਵੱਲੋਂ ਬੱਚਿਆਂ ਦੇ **APAAR** ਬਣਾਉਣ ਦੀ ਗਤੀ ਨੂੰ ਨਿਯਮਿਤ ਰੀਵਿਊ ਕੀਤਾ ਜਾ ਰਿਹਾ ਹੈ ਅਤੇ ਮੁੱਖ ਦਫ਼ਤਰ ਵੱਲੋਂ ਸਮੂਹ ਜ਼ਿਲਿਆ ਨਾਲ ਰੀਵਿਊ ਕੀਤਾ ਜਾ ਰਿਹਾ ਹੈ। ਪੈਂਡਿੰਗ ਬੱਚਿਆਂ ਦੇ **APAAR** ਆਈ.ਡੀ. ਜਲਦ ਬਣਾਏ ਜਾਣ। ਜੇਕਰ ਮਾਪਿਆ ਵੱਲੋਂ ਮਨ੍ਹਾਂ ਕੀਤਾ ਗਿਆ ਹੈ ਤਾਂ ਸਕੂਲ ਪੱਧਰ ਤੇ ਰਿਕਾਰਡ ਰੱਖਿਆ ਜਾਵੇ, ਲੋੜ ਪੈਣ ਤੇ ਸਹੀਕਰਤਾ ਨੂੰ ਰਿਕਾਰਡ ਪੇਸ਼ ਕੀਤਾ ਜਾਵੇ।
5. ਪੋਰਟਲ ਤੇ MBU(Mandatory Biometric Update) ਲਿੰਕ ਤਹਿਤ ਬੱਚਿਆਂ ਦੇ MBU ਅਪਡੇਟ ਕੀਤੇ ਜਾਣ।
6. ਸਕੂਲ ਵਿੱਚ ਕੰਮ ਕਰਦੇ ਹਰ ਇੱਕ ਕਰਮਚਾਰੀ ਦਾ ਰਿਕਾਰਡ ਚੈੱਕ/ਵੈਰੀਫਾਈ ਕਰਕੇ ਅਪਡੇਟ ਕੀਤਾ ਜਾਵੇ। ਪਹਿਲਾਂ ਤੋਂ ਦਰਜ਼ ਕਰਮਚਾਰੀਆਂ ਦੇ ਵੇਰਵਿਆ ਵਿੱਚ ਸੋਧ ਕਰਵਾਉਣ ਲਈ Form-T01 ਭਰ ਕੇ ਹਸਤਾਖਰ ਸਮੇਤ ਮੋਹਰ ਕਰਕੇ ਦਫ਼ਤਰ ਦੀ ਐਮ.ਆਈ.ਐਸ ਸ਼ਾਖਾ ਕਮਰਾ ਨੰਬਰ 458 ਵਿੱਚ ਜਮਾਂ ਕਰਵਾਇਆ ਜਾਵੇ।
7. ਇਹ ਵੀ ਦੇਖਣ ਵਿੱਚ ਆਇਆ ਹੈ ਕਿ ਯੂਡਾਈਸ ਪੋਰਟਲ ਤੇ ਕਈ ਵਿਦਿਆਰਥੀ ਜੋ ਇੱਕ ਸਕੂਲ ਛੱਡ ਕੇ ਦੂਜੇ ਸਕੂਲ ਵਿੱਚ ਦਾਖਲਾ ਲੈ ਚੁੱਕੇ ਹਨ ਉਹਨਾਂ ਦਾ ਡਾਟਾ ਪਿਛਲੇ ਸਕੂਲ ਵਿੱਚ ਹੀ ਦਿਖ ਰਿਹਾ ਹੈ। ਇਸ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਵਿਦਿਆਰਥੀ ਭੌਤਿਕ ਤੌਰ ਤੇ ਜਿਸ ਸਕੂਲ ਵਿੱਚ ਪੜ੍ਹ ਰਿਹਾ ਹੈ, ਉਸ ਦਾ ਡਾਟਾ ਉਸੇ ਸਕੂਲ ਵਿੱਚ ਭਰਿਆ ਜਾਵੇ।
8. ਸਾਰੇ ਸਕੂਲ ਪੋਰਟਲ ਤੇ ਡਾਟਾ ਐਂਟਰੀ ਦਾ ਕੰਮ ਮਿਤੀ 14-08-2026 ਤੱਕ ਮੁਕੰਮਲ ਕਰਕੇ ਸਰਟੀਫਾਈ ਕਰਨਾ ਯਕੀਨੀ ਬਣਾਉਣ।

ਨੋਟ:- **ਨੱਥੀ** Form- S03, Form-T01

6/8/26

**ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ),**
ਬਠਿੰਡਾ।

06/08/26

**ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ),**
ਬਠਿੰਡਾ।

## ਡਾਇਰੈਕਟਰ ਜਨਰਲ ਸਕੂਲ ਸਿੱਖਿਆਕਮ- ਸਟੇਟ ਪ੍ਰੋਜੈਕਟ ਡਾਇਰੈਕਟਰ
## ਸਿੱਖਿਆ ਭਵਨ, ਫੇਜ਼-8, ਪੰਜਵੀਂ ਮੰਜ਼ਿਲ, ਬਲਾਕ ਈ ,ਐਸ.ਏ.ਐਸ ਨਗਰ, ਪੰਜਾਬ

---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ, (ਐ.ਸਿ) ਪੰਜਾਬ।
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ, (ਸੈ.ਸਿ) ਪੰਜਾਬ।

ਮੀਮੋ ਨੰ: ਸਸਅ/ਯੂਡਾਈਜ਼/ਐਮ.ਆਈ.ਐਸ/2026/ 196271
ਮਿਤੀ 20/07/26

**ਵਿਸ਼ਾ: UDISE ਸਰਵੇ 2026-27 ਸਬੰਧੀ।**

1.0 ਭਾਰਤ ਸਰਕਾਰ ਵੱਲੋਂ ਯੂਡਾਈਜ਼ ਸਰਵੇ 2026-27 ਲਈ ਪੋਰਟਲ ਖੋਲ ਦਿੱਤਾ ਗਿਆ ਹੈ। ਇਸ ਪੋਰਟਲ ਉੱਤੇ ਪੰਜਾਬ ਰਾਜ ਦੇ ਸਮੂਹ ਸਕੂਲਾਂ ਵੱਲੋਂ ਸਕੂਲਾਂ ਦੇ ਬੁਨਿਆਦੀ ਢਾਂਚੇ, ਵਿਦਿਆਰਥੀ, ਸਟਾਫ, ਨਤੀਜੇ ਸਬੰਧੀ ਡਾਟਾ ਭਰਿਆ ਜਾਣਾ ਹੈ।

2.0 ਯੂ-ਡਾਈਸ ਸਰਵੇ ਅਧੀਨ ਸਮੂਹ ਸਕੂਲਾਂ ਨੂੰ ਮਿਤੀ 28 ਮਈ, 2026 ਤੱਕ ਵਿਦਿਆਰਥੀਆਂ ਦੀ ਪ੍ਰੋਗਰੈਸ਼ਨ ਦਾ ਕੰਮ ਮੁਕੰਮਲ ਕਰਨ ਲਈ ਕਿਹਾ ਗਿਆ ਸੀ ਪ੍ਰੰਤੂ ਅਜੇ ਤੱਕ ਨੱਥੀ ਸਕੂਲਾਂ ਵੱਲੋਂ ਪ੍ਰੋਗ੍ਰੈਸ਼ਨ ਦਾ ਕੰਮ ਮੁਕੰਮਲ ਨਹੀਂ ਕੀਤਾ ਗਿਆ। ਦੱਸਿਆ ਜਾਂਦਾ ਹੈ ਕਿ ਵਿਦਿਆਰਥੀਆਂ ਦੀ ਪ੍ਰੋਗਰੈਸ਼ਨ ਮੁਕੰਮਲ ਹੋਣ ਉਪਰੰਤ ਹੀ ਸਾਲ 2026-27 ਅਧੀਨ ਵਿਦਿਆਰਥੀਆਂ ਦੀ ਡਾਟਾ ਐਂਟ੍ਰੀ ਅਤੇ APAAR ID ਬਣਾਉਣ ਦਾ ਕੰਮ ਕੀਤਾ ਜਾ ਸਕਦਾ ਹੈ। ਇਸ ਲਈ ਸਬੰਧਤ ਸਕੂਲਾਂ ਨਾਲ ਰਾਬਤਾ ਕਾਇਮ ਕਰਦੇ ਹੋਏ ਵਿਦਿਆਰਥੀਆਂ ਦੀ ਪ੍ਰੋਗਰੈਸ਼ਨ ਦਾ ਕੰਮ ਮੁਕੰਮਲ ਕਰਵਾਇਆ ਜਾਵੇ। ਇਸ ਦੇ ਨਾਲ ਹੀ ਯੂ-ਡਾਈਜ਼ ਪੋਰਟਲ ਦੇ ਵਿਦਿਆਰਥੀ ਮਡਿਊਲ ਵਿੱਚ Inter State ਅਤੇ Within State student release requests ਪ੍ਰੋਸੈਸ ਕਰਵਾਈਆਂ ਜਾਣ ਤਾਂ ਜੋ ਵਿਦਿਆਰਥੀਆਂ ਦੀ ਡਾਟਾ ਐਂਟਰੀ, ਜਿਸ ਸਕੂਲ ਵਿੱਚ ਉਹ ਇਸ ਸਮੇਂ ਪੜ੍ਹ ਰਹੇ ਹਨ, ਵਿੱਚ ਦਰਜ ਕੀਤੀ ਜਾ ਸਕੇ।

3.0 ਯੂਡਾਈਜ਼ ਸਰਵੇ ਦੇ ਕੰਮ ਨੂੰ ਨਿਸਚਿਤ ਸਮੇਂ ਵਿੱਚ ਮੁਕੰਮਲ ਕਰਨ ਲਈ ਜ਼ਿਲ੍ਹਾ ਪੱਧਰ ਉੱਤੇ ਲਗਾਏ ਗਏ ਯੂ-ਡਾਈਜ਼ ਨੋਡਲ ਅਫਸਰਾਂ (ਸੈ.ਸਿੱ., ਐ.ਸਿੱ.)ਦੀ ਜਾਣਕਾਰੀ ਇਸ ਦਫਤਰ ਦੀ ਐਮ.ਆਈ.ਐਸ. ਸ਼ਾਖਾ ਵਿਖੇ ਭੇਜੀ ਜਾਵੇ। ਇਸ ਦੇ ਨਾਲ ਜਿਨ੍ਹਾਂ ਬਲਾਕਾਂ ਵਿੱਚ ਬਲਾਕ ਐਮ.ਆਈ.ਐਸ ਕੋਆਰਡੀਨੇਟਰ ਮੌਜੂਦ ਨਹੀਂ ਹਨ, ਉਨ੍ਹਾਂ ਬਲਾਕਾਂ ਵਿੱਚ ਯੂ-ਡਾਈਜ਼ ਸਰਵੇ 2026-27 ਦੇ ਕੰਮ ਲਈ ਲੋੜੀਂਦਾ ਪ੍ਰਬੰਧ ਕੀਤਾ ਜਾਵੇ।

4.0 ਮਾਨਯੋਗ ਸਿੱਖਿਆ ਸਕੱਤਰ ਜੀ ਵੱਲੋਂ ਯੂ-ਡਾਈਜ਼ ਸਰਵੇ ਦੌਰਾਨ ਲਏ ਗਏ ਫੈਸਲੇ ਅਨੁਸਾਰ ਯ-ਡਾਈਜ਼ ਡਾਟਾ ਦੀ ਗੁਣਵੱਤਤਾ ਵਧਾਉਣ ਲਈ 2-2 ਸਕੂਲਾਂ ਦੇ pair ਬਣਾਏ ਜਾਣ ਅਤੇ ਸਕੂਲਾਂ ਵੱਲੋਂ ਇੱਕ ਦੂਜੇ ਦਾ ਡਾਟਾ ਚੈਕ ਕਰ ਕੇ ਵੇਰੀਫਾਈ ਕੀਤਾ ਜਾਵੇ। ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਯਕੀਨੀ ਬਣਾਇਆ ਜਾਵੇ ਕਿ ਸਕੂਲਾਂ ਦੇ pair ਬਣਾਉਣ ਉਪਰੰਤ ਡਾਟਾ ਦੀ ਚੈਕਿੰਗ ਠੀਕ ਅਤੇ ਰਿਕਾਰਡ ਅਨੁਸਾਰ ਹੋਵੇ ਅਤੇ ਜੇਕਰ ਡਾਟਾ ਵਿੱਚ ਕੋਈ ਕਮੀ ਪਾਈ ਜਾਂਦੀ ਹੈ ਤਾਂ ਸਬੰਧਤ ਸਕੂਲ ਤੋਂ ਤੁਰੰਤ ਠੀਕ ਕਰਵਾਇਆ ਜਾਵੇ । ਇਸ ਕੰਮ ਦੀ ਮੋਨੀਟਰਿੰਗ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਆਪਣੇ ਪੱਧਰ ਉੱਤੇ ਕੀਤੀ ਜਾਵੇ।

5.0 ਇਸ ਦੇ ਨਾਲ ਹੀ ਸੰਬੰਧਤ ਜ਼ਿਲ੍ਹਾ ਸਿਖਿਆ ਅਫਸਰ(ਸੈ. ਸਿੱ. ਐ.ਸਿੱ.) ਅਤੇ ਬਲਾਕ ਪ੍ਰਾਈਮਰੀ ਸਿੱਖਿਆ ਅਫਸਰਾਂ ਆਪਣੇ ਜਿਲ੍ਹੇ/ਬਲਾਕ ਦੇ 10 ਪ੍ਰਤੀਸ਼ਤ ਸਕੂਲਾਂ ਦੇ ਡਾਟਾ ਦੀ ਚੈਕਿੰਗ ਕਰਨ ਉਪਰੰਤ ਰਿਪੋਰਟ ਇਸ ਦਫਤਰ ਵਿਖੇ ਭੇਜਣਾ ਯਕੀਨੀ ਬਣਾਉਣ।

6.0 ਉਕਤ ਦੇ ਨਾਲ ਇਸ ਦਫਤਰ ਦੇ ਪੱਤਰ ਨੰ. ਸਸਅ/2023/ਐਮ.ਆਈ.ਐਸ./ਈ-ਪੰਜਾਬ ਸਕੂਲ/40418 ਅਨੁਸਾਰ ਜ਼ੋਨਲ ਐਮ.ਆਈ.ਐਸ. ਕੋਆਡੀਨੇਟਰ ਕਾਰਵਾਈ ਕਰਨਾ ਯਕੀਨੀ ਬਣਾਉਣ।

7.0 ਇਹ ਵੀ ਦੇਖਣ ਵਿੱਚ ਆਇਆ ਹੈ ਕਿ ਯੂ-ਡਾਈਜ਼ ਪੋਰਟਲ ਉੱਤੇ ਕਈ ਵਿਦਿਆਰਥੀ ਜੋ ਇੱਕ ਸਕੂਲ ਛੱਡ ਕੇ ਦੂਜੇ ਸਕੂਲ ਵਿੱਚ ਦਾਖਲਾ ਲੈ ਚੁੱਕੇ ਹਨ ਉਨ੍ਹਾਂ ਦਾ ਡਾਟਾ ਪਿਛਲੇ ਸਕੂਲ ਵਿੱਚ ਹੀ ਦਿਖ ਰਿਹਾ ਹੈ। ਇਸ ਲਈ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਯਕੀਨੀ ਬਣਾਉਣ ਕਿ ਵਿਦਿਆਰਥੀ ਜਿਸ ਸਕੂਲ ਵਿੱਚ ਭੌਤਿਕ ਤੌਰ ਤੇ ਪੜ੍ਹ ਰਿਹਾ ਹੈ, ਉਸ ਦਾ ਡਾਟਾ ਉਸੇ ਸਕੂਲ ਵਿੱਚ ਭਰਿਆ ਜਾਵੇ।

8.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ ਆਪਣੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਦਾ ਡਾਟਾ ਭਾਰਤ ਸਰਕਾਰ ਦੇ ਪੋਰਟਲ ਉੱਤੇ ਮਿਤੀ 14-08-2026 ਤੱਕ ਭਰਨਾ ਅਤੇ ਚੈਕ ਕਰ ਕੇ ਮਿਤੀ 30-08-26 ਤੱਕ ਫਾਈਨਲਾਈਜ਼ ਕਰਕੇ ਸਰਟੀਫਾਈ ਕਰਨਾ ਯਕੀਨੀ ਬਣਾਉਣ।

9.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਸਕੂਲਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਮੌਜੂਦਾ ਸਥਿਤੀ ਦੇ ਅਨੁਸਾਰ ਹੀ ਡਾਟਾ ਭਰਨ ਅਤੇ ਡਾਟਾ ਦੀ ਪੂਰੀ ਜਾਂਚ ਅਤੇ ਪੁਸ਼ਟੀ ਹੋਣ ਤੋਂ ਬਾਅਦ ਹੀ ਸਰਟੀਫਿਕੇਟ ਜਮ੍ਹਾਂ ਕਰਵਾਉਣ। ਅਜਿਹਾ ਨਾ ਕਰਨ ਦੀ ਨਿਰੋਲ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ ਅਤੇ ਗਲਤ ਡਾਟਾ ਹੋਣ ਦੀ ਸੂਰਤ ਵਿੱਚ ਵਿਭਾਗੀ ਕਾਰਵਾਈ ਆਰੰਭੀ ਜਾਵੇਗੀ।

ਡਿਪਟੀ ਐਸ.ਪੀ.ਡੀ (ਆਈ.ਸੀ.ਟੀ)
ਦਫ: ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਪਿਠ ਅੰ.ਨੰ. ਉਕਤ ਮਿਤੀ: 20/07/26

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

- ਸਮੂਹ ਜ਼ਿਲ੍ਹਾ ਯੂਡਾਈਜ਼ ਨੋਡਲ ਅਫਸਰ (ਸੈ.ਸਿ., ਐ.ਸਿ.), ਪੰਜਾਬ।
- ਸਮੂਹ ਸਕੂਲ ਮੁਖੀ
- ਸਮੂਹ ਜ਼ਿਲ੍ਹਾ ਐਮ. ਆਈ. ਐਸ ਕੋਆਰਡੀਨੇਟਰ

ਡਿਪਟੀ ਐਸ.ਪੀ.ਡੀ (ਆਈ.ਸੀ.ਟੀ)
ਦਫ: ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।